# ਪ੍ਰੈਸ ਨੋਟ

ਸ਼੍ਰੀ ਰਾਜਬਚਨ ਸਿੰਘ ਸੰਧੂ PPS /ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਜੀ ਦੇ ਹੁਕਮਾ ਨਾਲ ਮਾੜੇ ਅਨਸਰਾਂ ਅਤੇ ਨਜਾਇਜ ਸ਼ਰਾਬ ਦੇ ਸਮੱਗਲਰਾਂ ਖਿਲਾਫ ਸਖਤ ਕਾਰਵਾਈ ਹਿੱਤ ਚਲਾਈ ਮੁਹਿੰਮ ਨੂੰ ਉਦੋਂ ਸਫਲਤਾ ਮਿਲੀ, ਜਦੋਂ ਸ਼੍ਰੀ ਗੁਰਦੀਪ ਸਿੰਘ PPS ਐਸ.ਪੀ.(ਡੀ) ਜਗਰਾਂਉ ਅਤੇ ਇੰਸਪੈਕਟਰ ਪ੍ਰੇਮ ਸਿੰਘ ਇੰਚਾਰਜ ਸਪੈਸ਼ਲ ਬ੍ਰਾਂਚ ਜਿਲਾ ਲੁਧਿਆਣਾ (ਦਿਹਾਤੀ) ਦੀ ਪੁਲੀਸ ਪਾਰਟੀ ਦੇ ਏ.ਐਸ.ਆਈ. ਇਕਬਾਲ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਬਾ-ਸਿਲਸਿਲਾ ਗਸਤ ਬਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਬੱਸ ਸਟੈਂਡ ਪਿੰਡ ਅੱਬੂਪੁਰਾ ਮੌਜੂਦ ਸੀ ਤਾਂ ਏ.ਐਸ.ਆਈ. ਇਕਬਾਲ ਸਿੰਘ ਪਾਸ ਮੁਖਬਰ ਖਾਸ ਨੇ ਅਲਹਿਦਗੀ ਵਿੱਚ ਇਤਲਾਹ ਦਿੱਤੀ ਕਿ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਸੁਖਦੇਵ ਸਿੰਘ ਵਾਸੀ ਪਰਜੀਆਂ ਬਿਹਾਰੀਪੁਰ, ਥਾਣਾ ਸਿੱਧਵਾਂ ਬੇਟ, ਜਿਲਾ ਲੁਧਿਆਣਾ ਅੱਜ ਮੋਟਰਸਾਈਕਲ ਮਾਰਕਾ ਪਲੇਟੀਨਾ ਬਿਨਾ ਨੰਬਰੀ ਪਰ ਸਵਾਰ ਹੋ ਕੇ ਆਪਣੇ ਪਿੰਡ ਤੋਂ ਅੱਬੂਪੁਰਾ ਵਿੱਚ ਦੀ ਹੁੰਦਾ ਹੋਇਆ ਸਿੱਧਵਾਂ ਬੇਟ ਵੱਲ ਆਪਣੇ ਗਾਹਕਾਂ ਨੂੰ ਨਜਾਇਜ ਸ਼ਰਾਬ ਦੇਣ ਲਈ ਆ ਰਿਹਾ ਹੈ। ਜੇਕਰ ਸਫੀਪੁਰਾ ਚੌਂਕ ਵਿੱਚ ਨਾਕਾਬੰਦੀ ਕੀਤੀ ਜਾਵੇ ਤਾਂ ਗੁਰਪ੍ਰੀਤ ਸਿੰਘ ਉਰਫ ਗੋਪੀ ਉਕਤ ਭਾਰੀ ਮਾਤਰਾ ਵਿੱਚ ਨਜਾਇਜ ਸ਼ਰਾਬ ਸਮੇਤ ਮੋਟਰਸਾਈਕਲ ਮਾਰਕਾ ਪਲੇਟੀਨਾ ਉਕਤ ਦੇ ਰੰਗੇ ਹੱਥੀ ਕਾਬੂ ਆ ਸਕਦਾ ਹੈ ਜੋ ਮੁਖਬਰ ਖਾਸ ਦੀ ਇਤਲਾਹ ਸੱਚੀ ਤੇ ਭਰੋਸੇਯੋਗ ਹੋਣ ਕਰਕੇ ਗੁਰਪ੍ਰੀਤ ਸਿੰਘ ਉਰਫ ਗੋਪੀ ਉਕਤ ਵੱਲੋਂ ਅਜਿਹਾ ਕਰਨਾ ਜੁਰਮ 61-78(2)-01-14 ਐਕਸਾਈਜ ACT ਦੀ ਤਾਰੀਫ ਨੂੰ ਪੂਰਾ ਕਰਦਾ ਹੋਣ ਕਰਕੇ ਏ.ਐਸ.ਆਈ. ਇਕਬਾਲ ਸਿੰਘ ਨੇ ਮੁਕੱਦਮਾ ਨੰਬਰ 213 ਮਿਤੀ 30.12.2021 ਜੁਰਮ 61-78(2)-01-14 ਐਕਸਾਈਜ ACT ਥਾਣਾ ਸਿਧਵਾਂ ਬੇਟ ਦਰਜ ਰਜਿਸਟਰ ਕਰਵਾਇਆ ਅਤੇ ਦੌਰਾਨੇ ਨਾਕਾਬੰਦੀ ਏ.ਐਸ.ਆਈ. ਇਕਬਾਲ ਸਿੰਘ ਨੇ ਸਮੇਤ ਪੁਲੀਸ ਪਾਰਟੀ ਦੇ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਉਕਤ ਨੂੰ ਸਮੇਤ ਮੋਟਰਸਾਈਕਲ ਮਾਰਕਾ ਪਲੇਟੀਨਾ ਬਿਨਾ ਨੰਬਰੀ ਰੰਗ ਕਾਲਾ ਦੇ ਕਾਬੂ ਕਰਕੇ ਉਸ ਪਾਸੋਂ 120 ਬੋਤਲਾਂ ਨਾਜਇਜ ਸ਼ਰਾਬ ਬਰਾਮਦ ਕੀਤੀਆਂ ਹਨ। ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਉਕਤ ਨੂੰ ਕੋਰਟ ਵਿੱਚ ਪੇਸ਼ ਕਰਕੇ 02 ਦਿਨ ਦਾ ਪੁਲੀਸ ਰਿਮਾਂਡ ਹਾਸਿਲ ਕੀਤਾ ਗਿਆ ਹੈ। ਦੋਸ਼ੀ ਪਾਸੋਂ ਹੋਰ ਪੁੱਛਗਿੱਛ ਕਰਕੇ ਅੱਗੇ ਤਫਤੀਸ਼ ਕੀਤੀ ਜਾਵੇਗੀ, ਜਿਸ ਪਾਸੋ ਹੋਰ ਬ੍ਰਾਮਦਗੀ ਹੋਣ ਦੀ ਆਸ ਹੈ। ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਉਕਤ ਖਿਲਾਫ ਪਹਿਲਾ ਵੀ ਚੋਰੀ ਅਤੇ ਨਾਜਇਜ ਸ਼ਰਾਬ ਦੇ 05 ਮੁਕੱਦਮੇ ਦਰਜ ਹਨ। ਦੋਸ਼ੀ ਉਕਤ ਸਤਲੁਜ ਦਰਿਆ ਤੇ ਮਾੜੀ ਨਜਾਇਜ ਸ਼ਰਾਬ ਕੱਢਕੇ ਵੇਚਣ ਦਾ ਆਦੀ ਹੈ। ਇਹ ਗੰਦੀ ਅਤੇ ਮਾੜੀ ਸ਼ਰਾਬ ਕੱਢਕੇ ਪਬਲਿਕ ਦੀ ਜਿੰਦਗੀ ਨਾਲ ਬਹੁਤ ਵੱਡਾ ਖਿਲਵਾੜ ਕਰਦੇ ਹਨ ਜਿਸ ਨਾਲ ਲੋਕਾਂ ਦੀ ਸਿਹਤ ਨੂੰ ਬਹੁਤ ਵੱਡਾ ਨੁਕਾਨ ਹੋ ਰਿਹਾ ਹੈ

1. ਦੋਸ਼ੀ:- ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਸੁਖਦੇਵ ਸਿੰਘ ਵਾਸੀ ਪਰਜੀਆਂ ਬਿਹਾਰੀਪੁਰ, ਥਾਣਾ ਸਿੱਧਵਾਂ ਬੇਟ, ਜਿਲਾ ਲੁਧਿਆਣਾ। (ਗ੍ਰਿਫਤਾਰ)
2. ਮੁਕੱਦਮਾ ਨੰਬਰ 213 ਮਿਤੀ 30.12.2021 ਜੁਰਮ 61-78(2)-01-14 ਐਕਸਾਈਜ ACT ਥਾਣਾ ਸਿਧਵਾਂ ਬੇਟ
3. ਬਰਾਮਦਗੀ:- 1:- 120 ਬੋਤਲਾਂ ਨਾਜਇਜ ਸ਼ਰਾਬ
   2:- ਇੱਕ ਮੋਟਰਸਾਈਕਲ ਮਾਰਕਾ ਪਲੇਟੀਨਾ ਬਿਨਾ ਨੰਬਰੀ ਰੰਗ ਕਾਲਾ
4. ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਪਰ ਪਹਿਲਾ ਦਰਜ ਮੁਕੱਦਮੇ:-
   1. ਮੁਕੱਦਮਾ ਨੰਬਰ 11 ਮਿਤੀ 18.01.2018 ਜੁਰਮ 379,411 IPC ਐਕਟ ਥਾਣਾ ਲਾਡੋਵਾਲ
   2. ਮੁਕੱਦਮਾ ਨੰਬਰ 12 ਮਿਤੀ 21.01.2018 ਜੁਰਮ 379,411 IPC ਐਕਟ ਥਾਣਾ ਲਾਡੋਵਾਲ
   3. ਮੁਕੱਦਮਾ ਨੰਬਰ 247 ਮਿਤੀ 15.07.2018 ਜੁਰਮ 61.01.14 ਆਬਕਾਰੀ ਐਕਟ ਥਾਣਾ ਸਿੱਧਵਾਂ ਬੇਟ
   4. ਮੁਕੱਦਮਾ ਨੰਬਰ 320 ਮਿਤੀ 06.12.2018 ਜੁਰਮ 379,411 IPC ਐਕਟ ਥਾਣਾ ਸਿੱਧਵਾਂ ਬੇਟ
   5. ਮੁਕੱਦਮਾ ਨੰਬਰ 165 ਮਿਤੀ 25.10.2020 ਜੁਰਮ 61.78(2)-01.14 ਆਬਕਾਰੀ ਐਕਟ ਥਾਣਾ ਸਿੱਧਵਾਂ ਬੇਟ